1 28

ਦਫਤਰ: ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

1)ਸਮੂਹ ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ (ਖੇਤਰ ਵਿੱਚ)।

2)ਪ੍ਰਬੰਧਕ ਨਿਰਦੇਸ਼ਕ,
ਮਾਰਕਫੈਡ ਪੰਜਾਬ।

3)ਸਟੇਟ ਮਾਰਕੀਟਿੰਗ ਮੈਨੇਜਰ,
ਇਫਕੋ ਪੰਜਾਬ।

ਮੀਮੋ ਨੰ:ਰਸਸ/ਮੰਡੀ/ਨਖ/7/ 3193-97
ਮਿਤੀ: 13/3/23

ਵਿਸ਼ਾ:- **ਸਾਉਣੀ 2023 ਲਈ ਸਹਿਕਾਰੀ ਸਭਾਵਾਂ ਨੂੰ ਖਾਦ ਦੀ ਵੰਡ/ਸਪਲਾਈ ਸਬੰਧੀ ਨੀਤੀ ਜਾਰੀ ਕਰਨ ਬਾਰੇ।**

ਹਵਾਲਾ:-ਇਸ ਦਫਤਰ ਦਾ ਪੱਤਰ ਨੰ:ਰਸਸ/ਮੰਡੀ/ਨ.ਖ./ਨੀਤੀ/ਸਾਉਣੀ 2014/2305-07 ਚੰਡੀਗੜ੍ਹ ਮਿਤੀ:14/03/2014।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਦਿੱਤੇ ਪੱਤਰ ਰਾਹੀਂ ਇਸ ਦਫਤਰ ਵੱਲੋਂ ਜਾਰੀ ਕੀਤੀ ਖਾਦ ਦੀ ਵੰਡ ਸਬੰਧੀ ਨੀਤੀ ਦੇ ਪੈਰਾ ਨੰ:3.3 ਅਤੇ ਪੈਰਾ ਨੰ:4.6 ਦੇ ਅਨੁਸਾਰ ਸਾਉਣੀ 2023 ਫਸਲੀ ਸੀਜ਼ਨ ਲਈ ਮਾਰਕਫੈਡ ਅਤੇ ਇਫਕੋ ਵੱਲੋਂ 75:25 ਦੀ ਰੇਸ਼ੋ ਨਾਲ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਯੂਰੀਆ, ਡੀ.ਏ.ਪੀ. ਅਤੇ ਐਨ.ਪੀ.ਕੇ. ਖਾਦ ਦੀ ਸਪਲਾਈ ਕੀਤੀ ਜਾਵੇਗੀ। **ਸਿੰਗਲ ਸੁਪਰ ਫਾਸਫੇਟ (ਐੱਸ.ਐੱਸ.ਪੀ) ਅਤੇ ਮੁਰੀਏਟ ਆਫ ਪੋਟਾਸ਼ (ਐੱਮ.ਓ.ਪੀ) ਖਾਦਾਂ ਦੇ ਇਨਡੈਂਟ ਦੀ 100% ਪੂਰਤੀ ਮਾਰਕਫੈਡ ਵਲੋਂ ਕੀਤੀ ਜਾਵੇਗੀ।**

ਇਸ ਤੋ ਇਲਾਵਾ ਸਾਉਣੀ 2023 ਲਈ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਰਾਹੀਂ ਖਾਦ ਦੀ ਸਪਲਾਈ ਲਈ ਖੇਤਰ ਤੋਂ ਪ੍ਰਾਪਤ ਜਿਲ੍ਹਾਂ-ਵਾਰ ਇਡੈਂਟ, ਸੰਕਲਿਤ ਕਰਦੇ ਹੋਏ ਇਸ ਪੱਤਰ ਨਾਲ ਨੱਥੀ ਕਰਕੇ ਆਪ ਨੂੰ ਭੇਜਦੇ ਹੋਏ ਹੇਠ ਅਨੁਸਾਰ ਲਿਖਿਆ ਜਾਂਦਾ ਹੈ:-

- **ਮਾਰਕਫੈਡ ਅਤੇ ਇਫਕੋ ਵਲੋਂ ਸਾਰੀਆਂ** ਮੁੱਢਲੀਆਂ ਖੇਤੀਬਾੜੀ ਸਹਿਕਾਰੀ **ਸਭਾਵਾਂ ਨੂੰ ਖਾਦ ਦੀ ਸਪਲਾਈ ਉਪਰੋਕਤ ਅਨੁਸਾਰ ਨਿਰਧਾਰਿਤ ਹਿੱਸੇ ਅਨੁਸਾਰ ਕੀਤੀ ਜਾਵੇ।**
- **ਸਹਿਕਾਰੀ ਸਭਾਵਾਂ ਨੂੰ ਖਾਦ ਦੀ ਸਪਲਾਈ ਸਮੇਂ ਸਿਰ ਨਿਸ਼ਚਿਤ ਬਣਾਉਣ ਲਈ ਅਤੇ ਮਾਰਕਫੈਡ ਅਤੇ ਇਫਕੋ ਵਲੋਂ ਉਹਨਾਂ ਦੇ ਨਿਰਧਾਰਿਤ ਇਨਡੈਂਟ ਅਨੁਸਾਰ** ਖਾਦ ਸਪਲਾਈ ਕਰਨ ਲਈ ਇਕ ਦੂਜੇ ਨਾਲ ਤਾਲ-ਮੇਲ ਕੀਤਾ ਜਾਵੇ।

ਇਸ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਇਹ ਪੱਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।**

**ਨੱਥੀ: *i)*ਉਕਤ ਅਨੁਸਾਰ ਸਾਉਣੀ 2023 ਲਈ ਜਿਲ੍ਹਾਂ-ਵਾਰ ਇਨਡੈਂਟ।**
***ii)* ਸਾਉਣੀ 2023 ਲਈ ਸਭਾ-ਵਾਰ ਇਨਡੈਂਟ ਈ-ਮੇਲ ਰਾਹੀ।**

MB
ਵਧੀਕ ਰਜਿਸਟਰਾਰ (ਜ)

Scanned with CamScanner